Edit 30.qxd 10/28/2025 7:58 PM Page 1



ਅਜੀਤ

ਵਿਚਾਰ-ਪ੍ਰਵਾਹ

ਜ਼ਿੰਦਗੀ 'ਚ ਲੰਮੇ ਕਦਮ ਪੁੱਟਣਾ ਜੇ ਮੁਸ਼ਕਿਲ ਹੋ ਜਾਵੇ ਤਾਂ ਛੋਟੇ ਕਦਮ ਹੀ ਪੁੱਟੋ, ਪਰ ਅੱਗੇ ਵਧਣਾ ਬੰਦ ਨਾ ਕਰੋ। —ਜੌਨ ਗਾਰਡਨ

# ਜੰਗਲਾਤ ਦੇ ਖੇਤਰ ਵਿਚ ਭਾਰਤ ਦੀ ਪ੍ਰਾਪਤੀ

ਜੰਗਲਾਤ ਦੇ ਖੇਤਰ ਵਿਚ ਭਾਰਤ ਦੇ ਵਿਸ਼ਵ ਪੱਧਰ 'ਤੇ ਨੌਵੇਂ ਸਥਾਨ 'ਤੇ ਪਹੁੰਚਣ ਦੀ ਖ਼ਬਰ ਬਿਨਾਂ ਸ਼ੱਕ ਇਕ ਸੁਖਦ ਤੇ ਹੈਰਾਨੀ ਵਾਲੀ ਪ੍ਰਤੀਤ ਹੋਈ ਹੈ। ਵਿਸ਼ਵ ਪੱਧਰ 'ਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਜੰਗਲਾਤ ਦੀ ਸਥਿਤੀ ਸੰਬੰਧੀ ਹਰ ਪੰਜ ਸਾਲ ਬਾਅਦ ਜਾਰੀ ਹੋਣ ਵਾਲੀ ਇਕ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ 'ਚ ਭਾਰਤ ਦਾ ਕੁੱਲ ਜੰਗਲਾਤ ਖੇਤਰਫਲ 72,739 ਵਰਗ ਹੈਕਟੇਅਰ ਹੋ ਗਿਆ ਹੈ, ਜੋ ਪਿਛਲੇ ਸਾਲ ਨਾਲੋਂ 2 ਫ਼ੀਸਦੀ ਵਧਿਆ ਹੈ। ਇਹ ਰਿਪੋਰਟ ਸੰਯੁਕਤ ਰਾਸ਼ਟਰ ਦੇ ਨਿਰੀਖਣ ਹੇਠ ਖ਼ੁਰਾਕ ਤੇ ਖੇਤੀਬਾੜੀ ਸੰਗਠਨ ਦੀ ਵਿਸ਼ਵ ਵਿਆਪੀ ਜੰਗਲਾਤ ਸੰਸਾਧਨ ਇਕਾਈ ਦੁਆਰਾ ਤਿਆਰ ਕੀਤੀ ਜਾਂਦੀ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿਚ ਮੌਜੂਦਾ ਜੰਗਲਾਤ ਖੇਤਰ 'ਚ ਹਰ ਸਾਲ 1.91 ਲੱਖ ਹੈਕਟੇਅਰ ਦਾ ਵਾਧਾ ਹੋਇਆ ਹੈ, ਜੋ ਇਕ ਰਿਕਾਰਡ ਪ੍ਰਾਪਤੀ ਹੈ। ਇਹ ਇਸ ਇਕ ਤੱਥ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਪਿਛਲੇ ਇਕ ਦਹਾਕੇ 'ਚ ਇਸ ਖੇਤਰ ਵਿਚ ਚੰਗੀ ਉਪਲਬਧੀ ਹਾਸਿਲ ਕਰਨ ਵਾਲੇ ਦੇਸ਼ਾਂ ਵਿਚ ਭਾਰਤ ਤੀਜੇ ਸਥਾਨ 'ਤੇ ਆਉਂਦਾ ਹੈ।

ਇਸ ਰਿਪੋਰਟ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ 'ਚ ਜੰਗਲਾਤ ਖੇਤਰ ਵਿਚ ਇਸ ਤਰ੍ਹਾਂ ਦਾ ਤੇਜ਼ ਤੇ ਸੰਤੁਸ਼ਟੀਜਨਕ ਵਾਧਾ ਦਰਜ ਕਰਨ ਵਾਲੇ ਖੇਤਰਾਂ 'ਚ ਏਸ਼ੀਆਈ ਦੇਸ਼ ਮੋਹਰੀ ਰਹੇ ਹਨ। ਇਨ੍ਹਾਂ 'ਚੋਂ ਵੀ ਚੀਨ ਤੇ ਭਾਰਤ ਵਿਚ ਸਭ ਤੋਂ ਵੱਧ ਵਾਧਾ ਸਾਹਮਣੇ ਆਇਆ ਹੈ। ਰਿਪੋਰਟ ਅਨੁਸਾਰ ਜੰਗਲਾਤ ਖੇਤਰ ਵਿਚ ਇਹ ਵਾਧਾ ਇਸ ਲਈ ਵੀ ਉੱਭਰ ਕੇ ਸਾਹਮਣੇ ਆਇਆ ਹੈ, ਕਿਉਂਕਿ ਦੇਸ਼ 'ਚ ਮੌਜੂਦ ਜੰਗਲਾਤ ਖੇਤਰ ਨੂੰ ਹੋਣ ਵਾਲੇ ਨੁਕਸਾਨ ਨੂੰ ਸਰਕਾਰਾਂ ਵਲੋਂ ਲੋਕਾਂ ਦੇ ਸਹਿਯੋਗ ਨਾਲ ਜਿੰਨਾ ਸੰਭਵ ਹੋ ਸਕੇ ਘੱਟ ਕੀਤਾ ਗਿਆ ਹੈ ਅਤੇ ਜੰਗਲਾਂ 'ਚ ਰੁੱਖਾਂ ਦੀ ਕਟਾਈ ਨੂੰ ਵੀ ਰੋਕਿਆ ਗਿਆ ਹੈ। ਇਸ ਸਮੇਂ ਦੌਰਾਨ ਜੰਗਲਾਂ ਦੇ ਨੁਕਸਾਨ ਦੀ ਦਰ 10.7 ਮਿਲੀਅਨ ਹੈਕਟੇਅਰ ਤੋਂ ਘਟ ਕੇ 4.12 ਮਿਲੀਅਨ ਹੈਕਟੇਅਰ ਰਹਿ ਗਈ ਹੈ। ਰਿਪੋਰਟ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਭਾਰਤ ਤੇ ਏਸ਼ੀਆ ਵਿਚ ਜੰਗਲਾਤ ਦੇ ਖੇਤਰਾਂ ਦੇ ਵਿਸਥਾਰ ਅਤੇ ਸੰਭਾਲ ਨਾਲ ਵਿਸ਼ਵ ਪੱਧਰ 'ਤੇ ਇਕ ਸਕਾਰਾਤਮਕ ਸੁਨੇਹਾ ਗਿਆ ਹੈ।

ਇਸ ਪ੍ਰਾਪਤੀ ਦੀ ਮਹੱਤਤਾ ਇਸ ਗੱਲ ਤੋਂ ਸਪੱਸ਼ਟ ਹੁੰਦੀ ਹੈ ਕਿ ਕੇਂਦਰੀ ਵਾਤਾਵਰਨ ਮੰਤਰੀ ਭੂਪੇਂਦਰ ਯਾਦਵ ਨੇ ਇਸ ਨੂੰ ਭਾਰਤ ਸਰਕਾਰ ਵਲੋਂ ਜੰਗਲਾਂ ਤੇ ਜੰਗਲਾਤ ਦੀ ਸੰਭਾਲ ਸੰਬੰਧੀ ਪ੍ਰਭਾਵੀ ਨੀਤੀ ਅਪਣਾਉਣ ਦੇ ਨਤੀਜੇ ਨਾਲ ਜੋੜਿਆ ਹੈ। ਅਸੀਂ ਸਮਝਦੇ ਹਾਂ ਕਿ ਪਿਛਲੇ ਸਮੇਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ਼ੁਰੂ ਕੀਤੀ ਗਈ 'ਇਕ ਰੁੱਖ ਮਾਂ ਦੇ ਨਾਂਅ' ਮੁਹਿੰਮ ਨਾਲ ਵੀ ਇਸ ਸੰਬੰਧੀ ਹਾਂ-ਪੱਖੀ ਸੁਨੇਹਾ ਗਿਆ ਹੈ। ਇਸ ਰਿਪੋਰਟ ਦਾ ਮਹੱਤਵ ਇਸ ਲਈ ਵੀ ਵਧ ਜਾਂਦਾ ਹੈ ਕਿ ਹਾਲੇ ਦੋ-ਤਿੰਨ ਦਿਨ ਪਹਿਲਾਂ ਹੀ ਦੇਸ਼ ਦੀ ਰਾਜਧਾਨੀ ਦਿੱਲੀ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਵਾਤਾਵਰਨ ਪ੍ਰਦੂਸ਼ਣ ਬੇਹੱਦ ਚਿੰਤਾਜਨਕ ਪੱਧਰ ਤੱਕ ਪਹੁੰਚ ਗਿਆ ਸੀ। ਅਜਿਹੀ ਸਥਿਤੀ 'ਚ ਇਹ ਰਿਪੋਰਟ ਤਪਦੀ ਧਰਤੀ 'ਤੇ ਮੀਂਹ ਦੀ ਪਹਿਲੀ ਕਿਣਮਿਣ ਵਾਂਗ ਪ੍ਰਤੀਤ ਹੁੰਦੀ ਹੈ।

ਸਾਡਾ ਮੰਨਣਾ ਹੈ ਕਿ ਬਿਨਾਂ ਸ਼ੱਕ ਇਹ ਰਿਪੋਰਟ ਜਿੱਥੇ ਭਾਰਤ ਲਈ ਇਕ ਵਿਲੱਖਣ ਪ੍ਰਾਪਤੀ ਵਰਗੀ ਹੈ, ਉੱਥੇ ਇਸ ਦਾ ਪ੍ਰਭਾਵ ਵਿਸ਼ਵ ਵਿਆਪੀ ਜੰਗਲਾਤ ਸੰਭਾਲ ਉਪਾਵਾਂ 'ਤੇ ਵੀ ਜ਼ਰੂਰ ਪਏਗਾ। ਇਸ ਰਿਪੋਰਟ ਅਨੁਸਾਰ ਦੁਨੀਆ ਦਾ ਕੁੱਲ ਜੰਗਲਾਤ ਖੇਤਰ 4.14 ਅਰਬ ਹੈਕਟੇਅਰ ਹੈ, ਜੋ ਧਰਤੀ ਦੀ 32 ਫ਼ਸਦੀ ਭੂਮੀ ਬਣਦੀ ਹੈ। ਇਹ ਵੀ ਇਕ ਜਾਣਿਆ-ਪਛਾਣਿਆ ਤੱਥ ਹੈ ਕਿ ਇਸ ਖੇਤਰ ਦਾ ਅੱਧੇ ਤੋਂ ਵੱਧ ਰਕਬਾ ਮਤਲਬ 54 ਫ਼ੀਸਦੀ ਹਿੱਸਾ ਰੂਸ, ਬ੍ਰਾਜ਼ੀਲ, ਕੈਨੇਡਾ, ਅਮਰੀਕਾ ਤੇ ਚੀਨ ਵਿਚ ਪੈਂਦਾ ਹੈ। ਇਸ ਤੋਂ ਬਾਅਦ ਆਸਟ੍ਰੇਲੀਆ, ਕਾਂਗੋ ਗਣਰਾਜ ਤੇ ਇੰਡੋਨੇਸ਼ੀਆ ਆਉਂਦੇ ਹਨ ਅਤੇ ਫਿਰ ਨੌਵੇਂ ਸਥਾਨ 'ਤੇ ਭਾਰਤ ਦਾ ਨਾਂਅ ਹੈ। ਜੰਗਲਾਤ ਖੇਤਰ ਵਿਚ ਵਾਧੇ ਲਈ ਚੀਨ ਤੇ ਰੂਸ ਤੋਂ ਬਾਅਦ ਭਾਰਤ ਨੇ ਵੱਡੀ ਪ੍ਰਸਿੱਧੀ ਹਾਸਿਲ ਕੀਤੀ ਹੈ। ਤੁਰਕੀ, ਆਸਟ੍ਰੇਲੀਆ, ਫਰਾਂਸ ਤੇ ਇੰਡੋਨੇਸ਼ੀਆ ਨੇ ਵੀ ਜੰਗਲਾਤ ਦਾ ਖੇਤਰ ਵਧਾਉਣ ਵਿਚ ਚੰਗੇ ਅੰਕੜੇ ਪ੍ਰਾਪਤ ਕੀਤੇ ਹਨ।

ਇਸ ਪ੍ਰਾਪਤੀ ਦੇ ਮੱਦੇਨਜ਼ਰ ਪਿਛਲੇ ਪੰਜ ਸਾਲਾਂ 'ਚ ਭਾਰਤ ਦਾ ਜੰਗਲਾਤ ਦੇ ਖੇਤਰ ਦੇ ਵਿਸਥਾਰ ਵਿਚ ਇਕ ਅੰਕ ਉੱਪਰ ਚੜ੍ਹਨਾ ਦੇਸ਼ ਲਈ ਮਾਣ ਵਾਲੀ ਗੱਲ ਹੈ। ਇਸ ਨਾਲ ਵਾਤਾਵਰਨ ਪ੍ਰਦੂਸ਼ਣ, ਹਵਾ ਗੁਣਵੱਤਾ ਅਤੇ ਜੰਗਲੀ ਜੀਵ ਸੰਭਾਲ ਆਦਿ ਕਾਰਜਾਂ 'ਚ ਸੁਧਾਰ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ, ਪਰ ਭਾਰਤ ਨੂੰ ਇੰਨੀ ਪ੍ਰਾਪਤੀ ਨਾਲ ਹੀ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਧਰਤੀ ਦੀ ਵੱਧ ਰਹੀ ਤਪਸ਼ ਅਤੇ ਦੇਸ਼ ਵਿਚ ਵਧ ਰਹੇ ਪ੍ਰਦੂਸ਼ਣ ਨੂੰ ਮੁੱਖ ਰੱਖਦਿਆਂ ਭਾਰਤ ਨੂੰ ਅਜੇ ਜੰਗਲਾਂ ਤੇ ਰਾਖਵੀਆਂ ਜੰਗਲਾਤਾਂ ਦਾ ਵਿਸਥਾਰ ਕਰਨ ਲਈ ਵੱਡੀ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ।

# ਪੰਜਾਬ ਦੀ ਅਜੋਕੀ ਸਥਿਤੀ ਲਈ ਜ਼ਿੰਮੇਵਾਰ ਕੌਣ?





ਡਾ. ਗੁਰਵੇਲ ਸਿੰਘ ਮੱਲ੍ਹੀ

ਇਕ ਦਿਨ ਖ਼ਬਰਾਂ ਦੇ ਪੰਜਾਬੀ ਟੀਵੀ ਚੈਨਲ ਤੋਂ ਇਕ ਭਾਈ ਸਾਹਿਬ ਬੋਲ ਰਹੇ ਸਨ ਕਿ ਪੰਜਾਬ ਨੂੰ ਰੰਗਲਾ ਬਣਾਉਣ ਦੇ ਸੁਪਨੇ ਜੋ ਭਗਵੰਤ ਮਾਨ ਵਿਖਾਉਂਦੇ ਰਹੇ ਨੇ, ਉਹ ਸੁਪਨੇ ਹੀ ਰਹਿ ਗਏ ਲਗਦੇ ਹਨ। ਦਰਅਸਲ ਉਹ ਸੂਬੇ ਵਿਚ ਲਾਇਨਮੈਨਾਂ ਦੀ ਭਰਤੀ ਨੂੰ ਲੈ ਕੇ ਚਿੰਤਾ ਪ੍ਰਗਟਾਅ ਰਹੇ ਸਨ, ਕਿਉਂਕਿ ਇਸ ਭਰਤੀ ਦੌਰਾਨ ਜ਼ਿਆਦਾਤਰ ਗੁਆਂਢੀ ਸੂਬਿਆਂ ਦੇ ਨੌਜਵਾਨ ਸਥਾਨਕ ਵਸਨੀਕਾਂ (ਪੰਜਾਬੀਆਂ) ਨੂੰ ਪਛਾੜ ਕੇ ਰੁਜ਼ਗਾਰ ਲੈਣ ਵਿਚ ਸਫ਼ਲ ਹੋ ਗਏ ਹਨ। ਪੰਜਾਬ ਜਿੱਥੇ ਬੇਰੁਜ਼ਗਾਰੀ ਦੀ ਅੱਗ ਪਹਿਲਾਂ ਹੀ ਸੂਬੇ ਦੇ ਨੌਜਵਾਨਾਂ ਨੂੰ ਸਾੜ ਰਹੀ ਹੈ, ਉੱਥੇ ਅਜਿਹਾ ਵਰਤਾਰਾ ਪੰਜਾਬ ਨੂੰ ਕਿਵੇਂ ਰੰਗਲਾ ਬਣਨ ਦੇਵੇਗਾ? ਪੰਜਾਬੀਆਂ ਨੇ ਬਹੁਤ ਸੂਝ-ਬੂਝ ਤੇ ਉਮੀਦਾਂ ਨਾਲ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਸੀ, ਪਰ ਬਦਲਾਅ ਵਾਲੇ ਵੀ ਇੰਝ ਕਰਨਗੇ ਇਸ ਦੀ ਕਿਸੇ ਨੂੰ ਆਸ ਨਹੀਂ ਸੀ। ਜਦੋਂ ਮੈਂ ਆਪਣੀ ਪਤਨੀ ਨਾਲ ਲੈਬਾਰਟਰੀ ਨੂੰ ਕਾਰ ਵਿਚ ਜਾ ਰਿਹਾ ਸੀ ਤਾਂ ਉਨ੍ਹਾਂ ਮੇਰੀ ਉਦਾਸੀ ਦਾ ਕਾਰਨ ਪੁੱਛਿਆ ਅਤੇ ਇਸ ਨਾਲ ਸੰਬੰਧਿਤ ਇਕ ਵਾਕਿਆ ਸਾਂਝਾ ਕਰਦਿਆਂ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਸ ਨਿਘਾਰ ਲਈ ਕਿਤੇ ਪੰਜਾਬੀ ਖ਼ੁਦ ਹੀ ਜ਼ਿੰਮੇਵਾਰ ਤਾਂ ਨਹੀਂ ਹਨ? ਮੇਰੀ ਪਤਨੀ ਕਾਲਜ ਵਿਚ ਪੜ੍ਹਾਉਂਦੀ ਹੈ, ਉਸ ਨੇ ਦੱਸਿਆ ਕਿ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਇਕ ਬੀ. ਏ. ਭਾਗ ਪਹਿਲਾ ਦੇ ਵਿਦਿਆਰਥੀ ਦਾ ਉਸ ਨੂੰ 2-3 ਵਾਰ ਫੋਨ ਆਇਆ, ਮੈਡਮ ਕੀ ਉਹ ਛੁੱਟੀਆਂ ਦੌਰਾਨ ਕਾਲਜ ਦੀ ਲਾਇਬ੍ਰੇਰੀ ਵਿਚ ਪੜ੍ਹ ਸਕਦਾ ਹੈ? ਜੇ ਲਾਇਬ੍ਰੇਰੀ ਨਹੀਂ ਤਾਂ ਉਸ ਨੂੰ ਕਿਸੇ ਹੋਰ ਕਮਰੇ ਵਿਚ ਬੈਠਣ ਦੀ ਆਗਿਆ ਦਿੱਤੀ ਜਾਵੇ, ਕਿਉਂਕਿ ਉਸ ਦਾ ਸਾਰਾ ਪਰਿਵਾਰ ਇਕ ਛੋਟੇ ਜਿਹੇ ਕਮਰੇ ਵਿਚ ਰਹਿੰਦਾ ਹੈ, ਜਿੱਥੇ ਪੜ੍ਹਾਈ ਕਰਨੀ ਔਖੀ ਹੈ ਅਤੇ ਉਹ ਪੜ੍ਹਨਾ ਚਾਹੁੰਦਾ ਹੈ। ਇਹ ਵਿਦਿਆਰਥੀ ਇਕ ਪ੍ਰਵਾਸੀ ਪਰਿਵਾਰ ਤੋਂ ਹੈ, ਜਿਸ ਦੇ ਮਾਪੇ ਸ਼ਹਿਰ ਵਿਚ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਸਰ ਕਰ ਰਹੇ ਹਨ। ਮੈਨੂੰ ਪਤਨੀ ਨੇ ਦੱਸਿਆ ਕਿ ਪੜ੍ਹਾਈ ਪ੍ਰਤੀ ਅਜਿਹੀ ਲਗਨ ਸਾਡੇ ਸਥਾਨਕ ਵਿਦਿਆਰਥੀਆਂ ਵਿਚ ਘੱਟ ਹੀ ਵੇਖਣ ਨੂੰ ਮਿਲਦੀ ਹੈ। ਜਦੋਂ ਅਸੀਂ ਲੈਬਾਰਟਰੀ ਵਿਚ ਸੈਂਪਲ ਦੇਣ ਉਪਰੰਤ ਬਾਹਰ ਨਿਕਲੇ ਤਾਂ ਨੇੜਲੀ ਦੁਕਾਨ ਲਾਗੇ ਖੜ੍ਹਾ ਇਕ ਨੌਜਵਾਨ ਆਪਣੀਆਂ ਮੁੱਛਾਂ ਨੂੰ ਜਗੀਰਦਾਰੀ ਅੰਦਾਜ਼ ਵਿਚ ਵੱਟ ਚੜ੍ਹਾ ਰਿਹਾ ਸੀ ਅਤੇ ਉਸ ਦਾ ਹੱਥ ਵਾਰ-ਵਾਰ ਡੱਬ ਵਿਚ ਰੱਖੀ ਪਿਸਤੌਲ 'ਤੇ ਜਾ ਰਿਹਾ ਸੀ। ਇਸ ਦੌਰਾਨ ਉਸ ਦਾ ਇਕ ਸਾਥੀ ਨਾਈ ਦੀ ਦੁਕਾਨ 'ਚੋਂ ਨਿਕਲਿਆ, ਜੋ ਆਪਣੀ ਦਾੜ੍ਹੀ 'ਤੇ ਪਾਏ ਕੁੰਡਲਾਂ ਨੂੰ ਹੱਥਾਂ ਨਾਲ ਦਬਾ ਰਿਹਾ ਸੀ। ਇਸ ਦ੍ਰਿਸ਼ ਨੇ ਮੈਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਪੰਜਾਬ ਦੇ ਉਜਾੜੇ ਲਈ ਜ਼ਿੰਮੇਵਾਰ ਕੌਣ ਹੈ? ਖ਼ੁਦ ਅਸੀਂ, ਸਾਡਾ ਸਮਾਜਿਕ ਤਾਣਾ-ਬਾਣਾ, ਪਰਵਾਸ (ਅੰਦਰੂਨੀ ਤੇ ਬਾਹਰੀ), ਸਰਕਾਰੀ ਨਿਜ਼ਾਮ ਜਾਂ ਸਾਰੇ?

ਜੇਕਰ ਉਪਰੋਕਤ ਦ੍ਰਿਸ਼ ਨੂੰ ਪੰਜਾਬ ਦੀ ਸਥਿਤੀ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਸ ਦੇ ਕਈ ਅਰਥ ਨਿਕਲਦੇ ਹਨ। ਅੱਜ ਤਕਨਾਲੋਜੀ ਦੇ ਯੁੱਗ ਵਿਚ ਸੋਸ਼ਲ ਮੀਡੀਆ ਸਮੇਤ ਅਨੇਕਾਂ ਸਾਧਨ ਝੂਠ ਨੂੰ ਲੋਕਾਂ ਅੱਗੇ ਸੱਚ ਬਣਾ ਕੇ ਪੇਸ਼ ਕਰ ਰਹੇ ਹਨ। ਸਾਨੂੰ ਮਿਲੀ ਜਾਣਕਾਰੀ ਜਾਂ ਸਮਾਚਾਰ ਦੀ ਘੋਖ ਪੜਤਾਲ ਕਰਕੇ ਹੀ ਸਹੀ-ਗਲਤ ਦੇ ਫ਼ੈਸਲੇ 'ਤੇ ਪਹੁੰਚਣਾ ਚਾਹੀਦਾ ਹੈ, ਕਾਹਲੀ ਵਿਚ ਕਿਸੇ 'ਤੇ ਉਠਾਈ ਉਂਗਲ ਅਕਸਰ ਵਿਵਾਦਾਂ ਨੂੰ ਜਨਮ ਦਿੰਦੀ ਹੈ। ਪੰਜਾਬ ਦੇ ਅਤੀਤ ਵੱਲ ਝਾਤੀ ਮਾਰੀਏ ਤਾਂ ਇਹ ਸੂਰਬੀਰਾਂ ਦੀਆਂ ਗਾਥਾਵਾਂ ਨਾਲ ਭਰਿਆ ਪਿਆ ਹੈ। ਪੰਜਾਬੀਆਂ ਦੀ ਮਿਹਨਤ, ਸਿਦਕ, ਸਬਰ, ਦਲੇਰੀ ਤੇ ਕੁਰਬਾਨੀਆਂ ਤੋਂ ਭਲਾ ਕੌਣ ਜਾਣੂ ਨਹੀਂ ਹੈ? ਪਰ ਪੰਜਾਬ ਦਾ ਵਰਤਮਾਨ ਤੇ ਭਵਿੱਖ ਗੌਰਵਮਈ ਨਹੀਂ ਜਾਪਦੇ, ਕਿਉਂਕਿ ਇਸ ਦੇ ਸਿਰ 'ਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਤੇ ਸੰਕਟ ਮੰਡਰਾਅ ਰਹੇ ਹਨ। ਇਤਿਹਾਸ ਗਵਾਹ ਹੈ ਕਿ ਪੰਜਾਬ ਹਰ ਮਾੜੀ ਸਥਿਤੀ 'ਚੋਂ ਨਿਕਲਣਾ ਜਾਣਦਾ ਹੈ, ਪਰ ਮੌਜੂਦਾ ਹਾਲਾਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਗੁਰੂਆਂ, ਦੇਸ਼ ਭਗਤਾਂ ਦੀ ਧਰਤੀ ਹੈ, ਜਿੱਥੇ ਆਪਸੀ ਭਾਈਚਾਰੇ ਤੇ ਸਾਂਝੀਵਾਲਤਾ ਦਾ ਦਾਇਰਾ ਆਧੁਨਿਕ ਲੋਕਤੰਤਰ ਦੀ ਧਾਰਨਾ ਤੋਂ ਵੀ ਕਿਤੇ ਵੱਧ ਵਿਸ਼ਾਲ ਤੇ ਪੁਰਾਣਾ ਹੈ। ਪਰ ਅਫ਼ਸੋਸ, ਅਸੀਂ ਇਸ ਅਮੀਰ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਾਂ, ਸਾਡਾ ਨੌਜਵਾਨ ਵਰਗ ਹੱਥੀਂ ਕੰਮ ਕਰਨ ਤੋਂ ਪਾਸਾ ਵੱਟ ਰਿਹਾ ਹੈ। ਸ਼ਾਇਦ ਹੀ ਕੋਈ ਹੱਥੀਂ ਕਿਰਤ ਵਾਲਾ ਪੇਸ਼ਾ ਹੋਵੇ, ਜਿੱਥੇ ਪੰਜਾਬੀ ਕਿਰਤੀਆਂ ਦੀ ਇਜਾਰੇਦਾਰੀ ਰਹਿ ਗਈ ਹੋਵੇ। ਹਰ ਖੇਤਰ ਵਿਚ ਪਰਵਾਸੀ ਕਾਮੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਪਿਛਾੜ ਰਹੇ ਹਨ, ਸਾਡਾ ਵਿਦਿਆਰਥੀ ਵਰਗ ਵੀ ਇਸ ਹੋਣੀ ਤੋਂ ਅਛੂਤਾ ਨਹੀਂ ਹੈ। ਬਹੁਤੇ ਵਿਦਿਆਰਥੀ ਪੜ੍ਹਾਈ ਨੂੰ ਗਿਆਨ ਦਾ ਵਰਦਾਨ ਮੰਨਣ ਦੀ ਬਜਾਏ ਮਜਬੂਰੀ ਹੀ ਸਮਝਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਤੇ ਪ੍ਰੋਫ਼ੈਸਰ ਡਾ. ਸੁਖਦੇਵ ਸਿੰਘ ਸੋਹਲ ਅਨੁਸਾਰ ਨੌਜਵਾਨ ਪੀੜ੍ਹੀ ਨੂੰ ਆਪਣੀ ਧਰਤੀ ਅਤੇ ਮਿਹਨਤ 'ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਪਰ ਇਹ ਪੀੜ੍ਹੀ ਖ਼ੁਦ ਮਿਹਨਤ ਕਰਨ ਦੀ ਬਜਾਏ ਮਾਪਿਆਂ ਦੀ ਮਿਹਨਤ ਨਾਲ ਬਣਾਈ ਜਾਇਦਾਦ ਨੂੰ ਆਪਣੀ ਪਛਾਣ ਬਣਾਉਣ ਪ੍ਰਤੀ ਜ਼ਿਆਦਾ ਰੁਚਿਤ ਹੈ। ਹਾਲਾਂਕਿ ਪ੍ਰਵਾਸ ਕਰ ਰਹੇ ਬੱਚੇ ਆਪਣੀ ਮਿਹਨਤ ਨਾਲ ਤਰੱਕੀ ਕਰਨ ਨੂੰ ਤਰਜੀਹ ਦਿੰਦੇ ਹਨ, ਅਜਿਹੀ ਰੁਚੀ 60ਵੇਂ ਦੇ ਦਹਾਕੇ ਤੋਂ ਬਾਅਦ ਵੀ ਨਜ਼ਰ ਆਉਂਦੀ ਸੀ। ਪਰ ਹੁਣ ਪੰਜਾਬ 'ਚ ਕੁਝ ਵੀ ਨਾ ਹੋਣ ਦੇ ਬਿਰਤਾਂਤ ਨੇ ਵਿਦੇਸ਼ ਜਾ ਕੇ ਮਿਹਨਤ ਕਰਨ ਦੇ ਸੁਪਨਿਆਂ ਨੂੰ ਹਵਾ ਦਿੱਤੀ ਹੋਈ ਹੈ, ਜੋ ਜ਼ਿਆਦਾ ਇਤਫ਼ਾਕੀਆ ਲਗਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ 'ਚ ਰਹਿੰਦੇ ਪ੍ਰਵਾਸੀ ਕਾਮਿਆਂ ਦੇ ਬੱਚੇ ਜ਼ਿਆਦਾਤਰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ, ਜਿੱਥੇ ਪੰਜਾਬੀ ਭਾਸ਼ਾ ਪਹਿਲੀ ਤੋਂ ਪੜ੍ਹਾਈ ਜਾਂਦੀ ਹੈ।

ਸੂਬੇ ਅੰਦਰ ਵਰਤਮਾਨ ਵਰਤਾਰੇ ਨੇ ਪੰਜਾਬੀ ਸੱਭਿਆਚਾਰ ਨੂੰ ਵੀ ਨਹੀਂ ਬਖ਼ਸ਼ਿਆ। ਕੁਝ ਪੰਜਾਬੀ ਕਲਾਕਾਰ ਨਸ਼ਿਆਂ, ਹਥਿਆਰਾਂ ਤੇ ਹਿੰਸਾ ਨੂੰ ਬਿਨਾਂ ਵਜ੍ਹਾ ਪੰਜਾਬੀ ਸੱਭਿਆਚਾਰ ਨਾਲ ਜੋੜ ਰਹੇ ਹਨ। ਜਿਸ ਕਰਕੇ ਸਮਾਜ ਬਣਾਵਟੀ ਵਿਖਾਵੇ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬੀਆਂ ਦੇ ਆਪਣੇ ਸਿਰੜੀ ਸੁਭਾਅ ਤੋਂ ਦੂਰ ਹੋਣ ਕਰਕੇ ਉਨ੍ਹਾਂ ਦਾ ਕਿਰਤ ਪ੍ਰਤੀ ਰੁਝਾਨ ਘਟਦਾ ਜਾ ਰਿਹਾ ਹੈ ਅਤੇ ਇਹ ਵਰਤਾਰਾ ਪਰਵਾਸੀ ਕਾਮਿਆਂ ਲਈ ਮਦਦਗਾਰ ਸਾਬਤ ਹੋ ਰਿਹਾ ਹੈ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ, ਜਿੱਥੇ ਖੇਤ ਤੇ ਖੇਤੀ ਦੋਵੇਂ ਗਹਿਰੇ ਸੰਕਟ ਵਿਚ ਹਨ।

ਪੰਜਾਬ ਸਰਕਾਰ ਦੀ ਆਰਥਿਕ ਹਾਲਤ ਤਰਸਯੋਗ ਹੈ, ਜਦਕਿ ਕੇਂਦਰ ਦਾ ਸੂਬੇ ਪ੍ਰਤੀ ਵਤੀਰਾ ਕਿਸਾਨ ਅੰਦੋਲਨ ਦੌਰਾਨ ਹੀ ਸਾਹਮਣੇ ਆ ਚੁੱਕਾ ਹੈ। ਪੰਜਾਬ ਨੂੰ ਡੂੰਘੇ ਸੰਕਟ 'ਚੋਂ ਕੱਢਣ ਲਈ ਸਰਕਾਰੀ ਸ਼ਮੂਲੀਅਤ ਤੇ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਦੀ ਬਹੁਤ ਲੋੜ ਹੈ। ਅਜਿਹੇ ਹਾਲਾਤ ਕਦੋਂ ਬਣਨਗੇ, ਕੁਝ ਕਿਹਾ ਨਹੀਂ ਜਾ ਸਕਦਾ! ਉਂਝ ਵੀ ਸੂਬੇ ਦੀਆਂ ਰਵਾਇਤੀ ਪਾਰਟੀਆਂ ਨੇ ਕਿਸਾਨ ਅੰਦੋਲਨ ਅਤੇ ਇਸ ਤੋਂ ਬਾਅਦ ਹੋ ਰਹੇ ਲੋਕ-ਸੰਘਰਸ਼ਾਂ ਤੋਂ ਕੁਝ ਨਹੀਂ ਸਿੱਖਿਆ। ਪੰਜਾਬ ਵਿਧਾਨ ਸਭਾ ਦੀਆਂ ਫਰਵਰੀ 2022 ਦੀਆਂ ਚੋਣਾਂ ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਸੱਤਾਧਾਰੀ ਜਮਾਤ ਨੇ ਜੋ ਕਾਰਗੁਜ਼ਾਰੀ ਦਿਖਾਈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਲੀਡਰਾਂ ਨੇ ਲੋਕਾਂ ਦੀ ਦੁਖਦੀ ਨਬਜ਼ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕੀਤੀ।

ਹੁਣ ਇਸ ਪੜਾਅ 'ਤੇ ਸਾਨੂੰ ਆਤਮ-ਨਿਰੀਖਣ ਕਰਨ ਦੀ ਲੋੜ ਹੈ। ਬਿਨਾਂ ਸ਼ੱਕ ਸਰਕਾਰੀ ਨਿਜ਼ਾਮ ਦੀ ਸ਼ਮੂਲੀਅਤ ਤੋਂ ਬਗੈਰ ਪੰਜਾਬ ਨੂੰ ਰੰਗਲਾ ਬਣਾਉਣਾ ਮੁਸ਼ਕਿਲ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਲੋਕ ਕੁਝ ਵੀ ਨਹੀਂ ਕਰਨਗੇ। ਪੰਜਾਬ ਦੇ ਲੋਕਾਂ ਨੇ ਪਿਛਲੇ 8-10 ਸਾਲਾਂ ਵਿਚ ਵੱਖ-ਵੱਖ ਚੋਣ ਰੁਝਾਨਾਂ ਰਾਹੀਂ ਅਤੇ ਸਰਕਾਰੀ ਨੀਤੀਆਂ ਦੇ ਵਿਰੁੱਧ ਵਿੱਢੇ ਤਿੱਖੇ ਸੰਘਰਸ਼ਾਂ ਨਾਲ ਇਸ ਕਥਨ ਨੂੰ ਸਾਬਤ ਕੀਤਾ ਹੈ, ਕਿ ਉਹ ਰਾਜਨੀਤਕ ਜਾਗਰੂਕਤਾ ਦੇ ਪੱਖੋਂ ਨਾ ਸਿਰਫ਼ ਸਮੁੱਚੇ ਦੇਸ਼ ਤੋਂ ਅੱਗੇ ਹਨ, ਸਗੋਂ ਆਪਣੇ ਹੱਕਾਂ ਦੀ ਸੰਵਿਧਾਨਿਕ ਤਰੀਕਿਆਂ ਨਾਲ ਰਾਖੀ ਕਰਨਾ ਵੀ ਜਾਣਦੇ ਹਨ। ਇਸ ਰਵਾਇਤ ਨੂੰ ਹੋਰ ਅਸਰਦਾਰ ਬਣਾਉਣ ਲਈ ਹਰ ਪੰਜਾਬੀ ਨੂੰ ਵਿਵੇਕਸ਼ੀਲ ਹੋ ਕੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਸਿੱਖਿਆ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ, ਤਾਂ ਜੋ ਉਹ ਚੰਗੀ ਸਿਹਤ, ਨੈਤਿਕ ਕਦਰਾਂ-ਕੀਮਤਾਂ ਤੇ ਗਿਆਨ ਦੀ ਸ਼ਕਤੀ ਤੋਂ ਜਾਣੂ ਹੋ ਸਕਣ। ਮਾਪਿਆਂ ਨੂੰ ਸਮਝਣਾ ਚਾਹੀਦਾ ਕਿ ਬੱਚੇ ਸਮਝਾਉਣ 'ਤੇ ਘੱਟ ਤੇ ਪਰਿਵਾਰਕ ਆਚਾਰ-ਵਿਵਹਾਰ ਨੂੰ ਵੇਖ ਕੇ ਜ਼ਿਆਦਾ ਸਿੱਖਦੇ ਹਨ। ਸੌ ਹੱਥ ਰੱਸਾ, ਸਿਰੇ 'ਤੇ ਗੰਢ! ਸਾਨੂੰ ਵਿਅਕਤੀਗਤ ਪੱਧਰ 'ਤੇ ਪਹਿਲ ਕਰਕੇ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਬਚਾਅ ਕਰਨਾ ਹੋਵੇਗਾ। ਹੋਰਾਂ ਨੂੰ ਸੁਧਾਰਨ ਦੀ ਬਜਾਏ ਸਭ ਤੋਂ ਪਹਿਲਾਂ ਖ਼ੁਦ ਨੂੰ ਸੁਧਾਰਨਾ ਜ਼ਰੂਰੀ ਹੁੰਦਾ ਹੈ। ਜੇਕਰ ਪੰਜਾਬੀ ਬਦਲਦੀਆਂ ਪ੍ਰਸਥਿਤੀਆਂ ਤੇ ਚੁਣੌਤੀਆਂ ਸਾਹਮਣੇ ਨਾ ਅੜੇ ਤਾਂ ਪੰਜਾਬ ਦੇ ਉਜਾੜੇ ਵਿਚ ਉਹ ਬਰਾਬਰ ਦੇ ਜ਼ਿੰਮੇਵਾਰ ਹੋਣਗੇ, ਕਿਉਂਕਿ ਜ਼ਿਆਦਤੀਆਂ ਸਾਹਮਣੇ ਧਾਰੀ ਚੁੱਪ ਵੀ ਇਕ ਤਰ੍ਹਾਂ ਸਹਿਮਤੀ ਹੀ ਹੁੰਦੀ ਹੈ। ਅਲ-ਖ਼ਾਮੋਸ਼ੀ ਨੀਮ ਰਜ਼ਾ!

*-ਸਹਾਇਕ ਪ੍ਰੋਫ਼ੈਸਰ ਰਾਜਨੀਤੀ ਸ਼ਾਸਤਰ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ।*
*ਮੋਬਾਈਲ : 94631-70112*

# ਤਰਨ ਤਾਰਨ ਦੀ ਜ਼ਿਮਨੀ ਚੋਣ ਤੇ ਸਾਡੇ ਸਰੋਕਾਰ



ਅਨਮੋਲਦੀਪ ਸਿੰਘ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖ਼ਾਲਸਾ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਵੱਧ ਧਿਆਨ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ 'ਤੇ ਸੀ, ਜੋ ਕਿ ਖ਼ਾਲਸਾ ਰਾਜ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੀ ਸੀ। ਹਰ ਘਰ ਵਿਚ ਕਾਇਦਾ (ਕੈਦਾ) ਲਾਜ਼ਮੀ ਮੁਹੱਈਆ ਕਰਵਾਇਆ ਜਾਂਦਾ ਸੀ। ਜੀ.ਡਬਲਿਊ. ਲਿਟਨਰ ਦੀ 1881 ਵਿਚ ਆਈ ਰਿਪੋਰਟ ਅਨੁਸਾਰ ਬਰਤਾਨਵੀ ਸਰਕਾਰ ਨੇ ਘਰ-ਘਰ 'ਚੋਂ ਪੈਸਿਆਂ ਵੱਟੇ ਕਿਤਾਬਾਂ ਇਕੱਠੀਆਂ ਕੀਤੀਆਂ ਅਤੇ ਰਿਪੋਰਟ ਲਿਖੀ ਜਾਣ ਤੱਕ ਪੜ੍ਹਾਈ ਦਰ ਵਿਚ 50 ਫ਼ੀਸਦੀ ਗਿਰਾਵਟ ਆ ਗਈ ਸੀ। ਇਸ ਪਿੱਛੇ ਅੰਗਰੇਜ਼ੀ ਸਰਕਾਰ ਦਾ ਮੁੱਖ ਉਦੇਸ਼ ਇਹ ਸੀ ਕਿ ਅਨਪੜ੍ਹਾਂ ਉੱਤੇ ਰਾਜ ਕਰਨਾ ਸੌਖਾ ਹੋ ਜਾਵੇਗਾ।

ਇਹ ਇਤਿਹਾਸਕ ਕਿੱਸਾ ਸਾਂਝਾ ਕਰਨ ਦਾ ਮੁੱਖ ਕਾਰਨ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਹੈ। ਅੱਜ ਜੋ ਜ਼ਮੀਨੀ ਪੱਧਰ 'ਤੇ ਹਲਕੇ ਵਿਚ ਵਾਪਰ ਰਿਹਾ ਹੈ, ਉਹ ਸੱਚਮੁੱਚ ਹੀ ਭਵਿੱਖ ਲਈ ਬਹੁਤ ਵੱਡਾ ਖ਼ਤਰਾ ਹੈ। ਇਸ ਜ਼ਿਲ੍ਹੇ ਵਿਚ ਸਿੱਖਿਆ ਦਾ ਪੱਧਰ ਬੇਹੱਦ ਤਰਸਯੋਗ ਹੈ, ਜਿਸ ਦਾ ਸਿੱਧਾ ਫ਼ਾਇਦਾ ਮੁਕਾਬਲੇ ਵਿਚ ਖੜ੍ਹੀਆਂ ਸਿਆਸੀ ਧਿਰਾਂ ਨੂੰ ਹੋ ਰਿਹਾ ਹੈ। ਮੈਨੂੰ ਤਾਂ ਅੱਜ ਦੇ ਸਾਡੇ ਇਨ੍ਹਾਂ ਸਿਆਸਤਦਾਨਾਂ ਦੀਆਂ ਚਾਲਾਂ ਵੱਲ ਵੇਖ ਕੇ ਸਾਡੀ ਨੌਜਵਾਨ ਪੀੜ੍ਹੀ 'ਤੇ ਤਰਸ ਆਉਂਦਾ ਹੈ। ਜਿੱਥੇ ਅੱਜ ਦੀ ਪੀੜ੍ਹੀ ਪੜ੍ਹ-ਲਿਖ ਕੇ ਵੱਖੋ-ਵੱਖਰੇ ਕਿੱਤਿਆਂ 'ਚ ਨਾਂਅ ਕਮਾ ਰਹੀ ਹੈ, ਉੱਥੇ ਇਸ ਹਲਕੇ 'ਚ ਸਿਆਸੀ ਲੋਕਾਂ ਦੀ ਸ਼ਹਿ ਅਤੇ ਹੱਦੋਂ ਵੱਧ ਫੋਕੇ ਵਿਖਾਵੇ ਬੌਧਿਕ ਵਿਕਾਸ ਨੂੰ ਹੇਠਲੇ ਪੱਧਰ 'ਤੇ ਲੈ ਕੇ ਜਾ ਰਹੇ ਹਨ। ਇਨ੍ਹਾਂ ਸਿਆਸਤਦਾਨਾਂ ਦੀ ਨੀਤ ਵੀ ਗੋਰੇ ਅੰਗਰੇਜ਼ਾਂ ਵਾਂਗ ਕਾਲੀ ਹੀ ਹੈ। ਸਿੱਖਿਆ ਪ੍ਰਣਾਲੀ ਦਾ ਬੁਰਾ ਹਾਲ ਹੋਣ ਕਰਕੇ ਨੌਜਵਾਨੀ ਨੂੰ ਭਟਕਾ ਕੇ ਆਪਣੀਆਂ ਵੋਟਾਂ ਗੰਢੀਆਂ ਜਾ ਰਹੀਆਂ ਹਨ। ਜੇ ਸਾਡੇ ਨੌਜਵਾਨ ਕਿਤਾਬਾਂ ਵਿਚਲਾ ਗਿਆਨ ਹਾਸਲ ਕਰਨ ਤਾਂ ਇਹ ਸਮਝ ਜਾਣਗੇ ਕਿ ਸਾਨੂੰ ਖੂਹ ਦੇ ਡੱਡੂ ਬਣਾ ਕੇ ਸਾਡੇ ਨਾਲ ਕਿੰਨਾ ਵੱਡਾ ਧੋਖਾ ਕੀਤਾ ਜਾ ਰਿਹਾ ਹੈ। ਅੱਜ ਸਾਰੀਆਂ ਹੀ ਪਾਰਟੀਆਂ ਬਿਨਾਂ ਚੋਣ ਏਜੰਡੇ ਤੋਂ ਸਿਰਫ਼ ਚੌਧਰ ਲਈ ਵੋਟਾਂ ਬਟੋਰਨ 'ਤੇ ਧਿਆਨ ਦੇ ਰਹੀਆਂ ਹਨ। ਕੋਈ ਸ਼ੱਕ ਨਹੀਂ ਕਿ ਸਾਡਾ ਹਲਕਾ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੋਣ ਕਾਰਨ ਪੰਥਕ ਹਲਕਾ ਹੈ ਪਰ ਉੱਥੇ ਇਹ ਵੀ ਸੱਚ ਹੈ ਕਿ ਵਿਧਾਨ ਸਭਾ ਵਿਚ ਅਸੀਂ ਪੜ੍ਹੇ-ਲਿਖੇ ਆਪਣੇ ਨੁਮਾਇੰਦੇ ਭੇਜਣੇ ਹੁੰਦੇ ਹਨ। ਚੰਗੇ ਸਕੂਲ/ਕਾਲਜ, ਚੰਗੇ ਹਸਪਤਾਲ, ਲੋਕਾਂ ਦੀ ਸੁਰੱਖਿਆ, ਰੁਜ਼ਗਾਰ, ਚੰਗਾ ਆਲਾ-ਦੁਆਲਾ ਇਹ ਚੋਣਾਂ ਦੇ ਮੁੱਦੇ ਹੋਣੇ ਚਾਹੀਦੇ ਹਨ। ਆਪਸੀ ਟਕਰਾਅ ਸੁਲਝਾਉਣ ਲਈ ਅਤੇ ਰੋਹਬ ਵਿਖਾਉਣ ਲਈ ਚੋਣਾਂ ਨਹੀਂ ਲੜੀਆਂ ਜਾਂਦੀਆਂ। ਲੋਕਤੰਤਰ ਵਿਚ ਭਾਵੁਕਤਾ ਦੀ ਕੋਈ ਬਹੁਤੀ ਥਾਂ ਨਹੀਂ ਹੋਣੀ ਚਾਹੀਦੀ। ਅਸੀਂ ਆਪਣਾ ਸਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਝੁਕਾਉਂਦੇ ਹਾਂ, ਨਾਲ ਬਾਕੀ ਧਰਮਾਂ ਦਾ ਸਤਿਕਾਰ ਵੀ ਕਰਦੇ ਹਾਂ। ਪਰ ਸਾਡੇ ਬੱਚਿਆਂ ਨੂੰ ਵਰਗਲਾਇਆ ਨਹੀਂ ਜਾਣਾ ਚਾਹੀਦਾ। ਡੂੰਘੀ ਸਿਆਸਤ ਦੀ ਖੇਡ ਵਿਚ ਕੀ ਚੱਲ ਰਿਹਾ ਹੈ, ਇਹ ਬੁੱਧੀਜੀਵੀ ਵਰਗ ਤਾਂ ਚੰਗੀ ਤਰ੍ਹਾਂ ਜਾਣਦਾ ਹੈ ਪਰ ਸਾਡੇ ਹਲਕੇ ਦੀ ਸਿਆਸਤ ਜਾਗਰੂਕਤਾ ਨਾ ਹੋਣ ਕਾਰਨ ਕਈ ਮਾੜੇ ਅਨਸਰਾਂ ਦੀ ਭੇਟ ਚੜ੍ਹ ਜਾਂਦੀ ਹੈ। ਸਾਰੀਆਂ ਹੀ ਪਾਰਟੀਆਂ ਲੀਹੋਂ ਲੱਥੀ ਸਿਆਸਤ ਕਰ ਰਹੀਆਂ ਹਨ। ਵੱਡੇ ਪੱਧਰ ਦੇ ਲੀਡਰਾਂ ਨੇ ਤਾਂ ਆਪਣਾ ਮਤਲਬ ਕੱਢਣਾ ਹੀ ਹੈ ਪਰ ਕੀ ਚੋਣ ਪ੍ਰਚਾਰ ਵਿਚ ਲੱਗੇ ਪੰਚ-ਸਰਪੰਚ ਇਹ ਭੁੱਲ ਗਏ ਹਨ ਕਿ ਉਨ੍ਹਾਂ ਦੀਆਂ ਆਉਣ ਵਾਲੀ ਪੀੜ੍ਹੀਆਂ ਨੇ ਵੀ ਇਕ ਦਿਨ ਇਸੇ ਹਵਾ 'ਚ ਸਾਹ ਲੈਣਾ ਹੈ, ਜਿਸ ਨੂੰ ਉਹ ਗੰਧਲਾ ਬਣਾ ਰਹੇ ਹਨ। ਇਹ ਗੱਲ ਲਿਖ ਕੇ ਰੱਖ ਲਓ ਕਿ ਹੱਥ ਦੀਆਂ ਦਿੱਤੀਆਂ ਮੂੰਹ ਨਾਲ ਖੋਲ੍ਹਣੀਆਂ ਪੈਣਗੀਆਂ। ਇਸ ਇਲਾਕੇ ਨੇ ਪਹਿਲਾਂ ਹੀ ਬੜਾ ਲੰਮਾ ਸਮਾਂ ਸੰਤਾਪ ਹੰਢਾਇਆ ਹੈ, ਇਸ ਲਈ ਇਸ ਇਲਾਕੇ ਨੂੰ ਬਲਦੀ ਅੱਗ ਵਿਚ ਹੋਰ ਨਹੀਂ ਧੱਕਿਆ ਜਾਣਾ ਚਾਹੀਦਾ। ਚੰਗੇ ਸਮਾਜ ਦੀ ਸਿਰਜਣਾ ਚੰਗੇ ਲੀਡਰਾਂ ਨਾਲ ਹੀ ਹੁੰਦੀ ਹੈ। ਇਸ ਲਈ ਅੱਜ ਦੇ ਸਿਆਸਤਦਾਨਾਂ ਦਾ ਮਨੋਰਥ ਚੰਗੇ ਸਮਾਜ ਦੀ ਸਿਰਜਣਾ ਹੀ ਹੋਣਾ ਚਾਹੀਦਾ ਹੈ।

## ਨੌਜਵਾਨਾਂ ਲਈ ਅਪੀਲ

ਧਾਰਮਿਕ ਕੱਟੜਤਾ, ਫੋਕੇ ਵਿਖਾਵੇ ਅਤੇ ਗੈਂਗਸਟਰ ਇਹ ਤਿੰਨੇ ਲਫ਼ਜ਼ ਸਾਡੇ ਨੌਜਵਾਨਾਂ ਨੂੰ ਘੁਣ ਵਾਂਗ ਖਾ ਜਾਣਗੇ ਤੇ ਕਿਸੇ ਨੂੰ ਪਤਾ ਤੱਕ ਵੀ ਨਹੀਂ ਲੱਗੇਗਾ। ਅਫ਼ਸੋਸ ਦੀ ਗੱਲ ਹੈ ਕਿ ਇਸ ਚੋਣ ਵਿਚ ਇਹ ਤਿੰਨੇ ਹੀ ਭਾਰੂ ਹਨ। ਜੇ ਧਾਰਮਿਕ ਲੀਡਰ ਵੀ ਚੁਣਨੇ ਹਨ ਤਾਂ ਉਨ੍ਹਾਂ ਨੂੰ ਚੁਣਨਾ ਚਾਹੀਦਾ ਹੈ, ਜਿਹੜੇ ਬਾਣੀ ਤੇ ਬਾਣੇ 'ਚ ਪ੍ਰਤੱਖ, ਗੁਰਬਾਣੀ 'ਤੇ ਪਹਿਰਾ ਦੇਣ ਵਾਲੇ ਅਤੇ ਇਤਿਹਾਸ ਦੀਆਂ ਬਾਰੀਕੀਆਂ ਤੋਂ ਜਾਣੂ ਹੋਣ। ਮਾੜੇ ਲੀਡਰਾਂ ਦੇ ਧੱਕੇ ਚੜ੍ਹ ਕੇ ਆਪਣਾ ਕੱਲ੍ਹ ਬਰਬਾਦ ਨਹੀਂ ਕਰਨਾ ਚਾਹੀਦਾ। ਸੰਵਿਧਾਨ ਪੜ੍ਹੋ, ਆਪਣੇ ਹੱਕ ਪਛਾਣੋ ਅਤੇ ਦੂਰਅੰਦੇਸ਼ੀ ਸੂਝਵਾਨ ਲੀਡਰ ਚੁਣੋ। ਸੋਸ਼ਲ ਮੀਡੀਆ 'ਤੇ ਵੇਖ ਕੇ ਕਿਸੇ ਦੇ ਪ੍ਰਭਾਵ ਹੇਠ ਨਾ ਆਓ। ਚੰਗਾ ਪੜ੍ਹ-ਲਿਖ ਕੇ ਤੇ ਚੰਗੇ ਕਾਰਜ ਕਰ ਕੇ ਇਸ ਪੰਥਕ ਹਲਕੇ ਦਾ ਨਾਂਅ ਰੌਸ਼ਨ ਕਰੋ।

**ਸਹਾਇਕ ਪ੍ਰੋਫ਼ੈਸਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ।**
**ਈ-ਮੇਲ: Anmoldhillon744@gmail.com**

# ਕਿਉਂ ਆਸਮਾਨ ਛੂੰਹਦੀਆਂ ਹਨ ਸੋਨੇ ਦੀਆਂ ਕੀਮਤਾਂ?





ਲੋਕਮਿੱਤਰ ਗੌਤਮ

ਸੋਨ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਹੈਰਾਨ ਕਰਨ ਵਾਲੀਆਂ ਹਨ। ਸੋਨੇ ਦੀਆਂ ਕੀਮਤਾਂ 'ਚ ਪਿਛਲੇ ਸਾਲ ਮਤਲਬ 2024 ਦੇ ਧਨਤੇਰਸ ਤੋਂ ਬਾਅਦ 2025 ਦੇ ਧਨਤੇਰਸ ਤੱਕ 64 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ ਅਤੇ ਇਸੇ ਸਮੇਂ ਦੌਰਾਨ ਚਾਂਦੀ ਦੀਆਂ ਕੀਮਤਾਂ ਵਿਚ 73 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। ਪਿਛਲੇ ਧਨਤੇਰਸ ਸਮੇਂ ਸੋਨੇ ਦੀ ਕੀਮਤ 78,846 ਰੁਪਏ ਪ੍ਰਤੀ 10 ਗ੍ਰਾਮ/ਤੋਲਾ ਸੀ, ਜੋ ਇਸ ਸਾਲ 17 ਅਕਤੂਬਰ ਤੱਕ 1,29,584 ਰੁਪਏ ਤੋਲਾ ਹੋ ਗਈ ਸੀ। ਕੀ ਇਹ ਕਿਸੇ ਸਹਿਜ ਆਰਥਿਕ ਨਿਯਮ ਜਾਂ ਸਮੀਕਰਨ ਦਾ ਨਤੀਜਾ ਹੈ ਜਾਂ ਇਸ ਪਿੱਛੇ ਕੋਈ ਡੂੰਘੀ ਸਾਜਿਸ਼ ਜਾਂ ਰਣਨੀਤੀ ਕੰਮ ਕਰ ਰਹੀ ਹੈ? ਸੋਨੇ ਦੀਆਂ ਇਨ੍ਹਾਂ ਅਸਮਾਨ ਛੂਹਦੀਆਂ ਕੀਮਤਾਂ ਦੇ ਲੰਬੇ ਸਮੇਂ ਦੇ ਨਤੀਜੇ ਕੀ ਹੋਣਗੇ? ਕੀ ਇਸ ਦਾ ਭਾਰਤ ਦੀ ਆਰਥਿਕਤਾ 'ਤੇ ਕੋਈ ਵਿਸ਼ੇਸ਼ ਪ੍ਰਭਾਵ ਪੈ ਸਕਦਾ ਹੈ, ਜਿਸ ਨੂੰ ਅਸੀਂ ਅਜੇ ਤੱਕ ਸਮਝ ਨਹੀਂ ਸਕੇ? ਇਹ ਕੁਝ ਅਜਿਹੇ ਸਵਾਲ ਹਨ, ਜੋ ਇਸ ਸਮੇਂ ਅਰਥਸ਼ਾਸਤਰੀਆਂ ਤੋਂ ਲੈ ਕੇ ਆਮ ਲੋਕਾਂ ਤੱਕ ਹਰ ਕਿਸੇ ਨੂੰ ਪ੍ਰੇਸ਼ਾਨ ਕਰ ਰਹੇ ਹਨ, ਕਿਉਂਕਿ ਸੋਨੇ ਦੀਆਂ ਕੀਮਤਾਂ ਵਿਚ ਪਿਛਲੇ 8-10 ਮਹੀਨਿਆਂ 'ਚ ਹੋਇਆ ਬੇਸ਼ੁਮਾਰ ਵਾਧਾ ਸਿਰਫ਼ ਇਕ ਵਪਾਰਕ ਚੱਕਰ ਨਹੀਂ, ਸਗੋਂ ਦੁਨੀਆ ਦੇ ਆਰਥਿਕ, ਰਾਜਨੀਤਿਕ ਤੇ ਮੁਦਰਾ ਪ੍ਰਣਾਲੀਆਂ ਵਿਚਕਾਰ ਵਿਭਿੰਨ ਪਰਸਪਰ ਪ੍ਰਭਾਵ ਦਾ ਇਕ ਗੁੰਝਲਦਾਰ ਨਤੀਜਾ ਹੈ। ਹਾਲਾਂਕਿ ਸੋਨੇ ਦੀਆਂ ਕੀਮਤਾਂ ਵਧਣ ਦੇ ਕਈ ਅੰਤਰੀਵ ਕਾਰਕ ਹਨ, ਜੋ ਕੁਦਰਤੀ ਤੌਰ 'ਤੇ ਸੋਨੇ ਦੀਆਂ ਕੀਮਤਾਂ ਨੂੰ ਵਧਾ ਰਹੇ ਹਨ। ਭਾਵੇਂ ਸੋਨਾ ਕੋਈ ਵਿਆਜ ਜਾਂ ਲਾਭਅੰਸ਼ ਨਹੀਂ ਦਿੰਦਾ, ਪਰ ਜੇਕਰ ਬਾਂਡ ਜਾਂ ਸਥਿਰ ਵਿਆਜ ਦਰਾਂ ਸਮੇਤ ਰੀਅਲ ਇਸਟੇਟ ਦੇ ਕਾਰੋਬਾਰ ਬਹੁਤੇ ਆਕਰਸ਼ਕ ਨਾ ਹੋਣ ਤਾਂ ਲੋਕ ਇਨ੍ਹਾਂ ਨੂੰ ਛੱਡ ਕੇ ਸੋਨੇ ਵਿਚ ਨਿਵੇਸ਼ ਕਰਨ ਲਗਦੇ ਹਨ। ਇਸੇ ਤਰ੍ਹਾਂ ਜੇਕਰ ਵਿਆਜ ਦਰਾਂ ਘਟਣ ਦੀ ਉਮੀਦ ਹੋਵੇ, ਖਾਸ ਕਰਕੇ ਅਮਰੀਕੀ ਫੈਡਰਲ ਰਿਜ਼ਰਵ ਦੀਆਂ ਦਰਾਂ ਵਿਚ ਕਟੌਤੀ ਦੀ ਪੱਕੀ ਉਮੀਦ ਹੋਵੇ ਤਾਂ ਵੀ ਲੋਕਾਂ 'ਚ ਸੋਨੇ ਪ੍ਰਤੀ ਖਿੱਚ ਵਧ ਜਾਂਦੀ ਹੈ।

ਇਸੇ ਤਰ੍ਹਾਂ ਜੇਕਰ ਕਿਸੇ ਖਾਸ ਮੁਦਰਾ, ਜਿਵੇਂ ਕਿ ਅਮਰੀਕੀ ਡਾਲਰ ਜਾਂ ਭਾਰਤੀ ਰੁਪਏ ਦੀ ਖਰੀਦ ਸ਼ਕਤੀ ਘਟ ਰਹੀ ਹੋਵੇ ਤਾਂ ਸੋਨੇ ਵਿਚ ਨਿਵੇਸ਼ ਨੂੰ ਅਕਸਰ ਸੁਰੱਖਿਅਤ ਮੰਨਿਆ ਜਾਂਦਾ ਹੈ। ਨਿਵੇਸ਼ਕ ਸੋਚਦੇ ਹਨ ਕਿ ਜੇ ਪੈਸੇ ਦੀ ਕੀਮਤ ਘਟੇਗੀ ਤਾਂ ਵੀ ਸੋਨਾ ਆਪਣਾ ਮੁੱਲ ਬਰਕਰਾਰ ਰੱਖੇਗਾ। ਇਸ ਲਈ ਅਜਿਹੇ ਹਾਲਾਤਾਂ ਵਿਚ ਵੀ ਸੋਨੇ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਖਾਸ ਕਰਕੇ ਜਦੋਂ ਰੁਪਏ ਦੇ ਮੁਕਾਬਲੇ ਵਿਚ ਡਾਲਰ ਜ਼ਿਆਦਾ ਮਜ਼ਬੂਤ ਹੋ ਰਿਹਾ ਹੋਵੇ ਤਾਂ ਭਾਰਤ ਵਿਚ ਸੋਨਾ ਬਹੁਤ ਮਹਿੰਗਾ ਹੋ ਜਾਂਦਾ ਹੈ, ਕਿਉਂਕਿ ਭਾਰਤ ਵਿਚ ਜ਼ਿਆਦਾਤਰ ਸੋਨਾ ਦਰਾਮਦ/ਆਯਾਤ ਕੀਤਾ ਜਾਂਦਾ ਹੈ। ਜਦੋਂ ਵਿਸ਼ਵ ਪੱਧਰ 'ਤੇ ਆਰਥਿਕ, ਵਿੱਤੀ ਜਾਂ ਰਾਜਨੀਤਿਕ ਅਨਿਸ਼ਚਿਤਤਾ ਵਧਦੀ ਹੈ ਤਾਂ ਵੀ ਸੋਨੇ ਦੀਆਂ ਕੀਮਤਾਂ ਕਾਫ਼ੀ ਵਧ ਜਾਂਦੀਆਂ ਹਨ। ਜਦੋਂ ਵੱਖ-ਵੱਖ ਦੇਸ਼ਾਂ ਵਿਚਕਾਰ ਜੰਗੀ ਤਣਾਅ, ਵਪਾਰਕ ਰੁਕਾਵਟਾਂ ਅਤੇ ਸਰਕਾਰਾਂ ਦੀ ਵਿੱਤੀ ਸਥਿਤੀ ਅਸਥਿਰ ਹੋਵੇ ਤਾਂ ਨਿਵੇਸ਼ਕ ਸੁਰੱਖਿਅਤ ਸੰਪਤੀਆਂ ਜਾਂ ਸਰਕਾਰੀ ਬਾਂਡਾਂ ਵਿਚ ਨਿਵੇਸ਼ ਕਰਨ ਨਾਲੋਂ ਸੋਨਾ ਖਰੀਦਣਾ ਇਕ ਬਿਹਤਰ ਬਦਲ ਸਮਝਦੇ ਹਨ। ਉਦਾਹਰਨ ਵਜੋਂ ਅਮਰੀਕਾ ਤੇ ਚੀਨ ਵਿਚਕਾਰ ਜਾਰੀ ਵਪਾਰਕ ਤਣਾਅ ਕਾਰਨ ਦੁਨੀਆ ਭਰ ਵਿਚ ਵਪਾਰ ਚਿੰਤਾਵਾਂ ਵਧਣ ਨਾਲ ਵਿਸ਼ਵਵਿਆਪੀ ਵਿਕਾਸ ਦਰ ਸੁਸਤ ਪੈ ਗਈ ਹੈ, ਜਿਸ ਕਾਰਨ ਲੋਕਾਂ ਨੇ ਸੋਨੇ ਵਿਚ ਨਿਵੇਸ਼ ਕਰਨ ਨੂੰ ਠੀਕ ਸਮਝਿਆ ਹੈ।

ਹਾਲਾਂਕਿ ਹਾਲ ਹੀ ਦੇ ਸਾਲਾਂ ਵਿਚ ਸੋਨੇ ਦੀਆਂ ਕੀਮਤਾਂ ਵਿਚ ਹੋਏ ਬੇਮਿਸਾਲ ਵਾਧੇ ਪਿੱਛੇ ਇਕ ਵੱਡਾ ਕਾਰਨ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਦੁਆਰਾ ਸੋਨੇ ਦੀ ਵਧ ਰਹੀ ਖਰੀਦਦਾਰੀ ਵੀ ਹੈ। ਬਹੁਤ ਸਾਰੇ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੇ ਆਪਣੀਆਂ ਰਿਜ਼ਰਵ ਸੰਪਤੀਆਂ ਦੀ ਵਿਭਿੰਨਤਾ ਵਧਾਉਣ ਤੇ ਡਾਲਰ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿਚ ਸੋਨੇ ਦੀ ਮਾਤਰਾ ਵਧਾ ਦਿੱਤੀ ਹੈ। ਉਦਾਹਰਨ ਵਜੋਂ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਹਾਲ ਹੀ ਦੇ ਮਹੀਨਿਆਂ ਵਿਚ 75 ਟਨ ਸੋਨਾ ਖਰੀਦਿਆ ਹੈ, ਜਿਸ ਨਾਲ ਆਰ.ਬੀ.ਆਈ. ਦਾ ਸੋਨੇ ਦਾ ਕੁੱਲ ਭੰਡਾਰ 880 ਟਨ ਹੋ ਗਿਆ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਲੋਕ ਈ.ਟੀ.ਐੱਫ. (ਐਕਸਚੇਂਜ ਟ੍ਰੇਡਡ ਫੰਡ) ਆਦਿ 'ਚ ਭਾਰੀ ਨਿਵੇਸ਼ ਕਰ ਰਹੇ ਹਨ। ਇਸ ਨਾਲ ਵੀ ਸੋਨੇ ਦੀਆਂ ਕੀਮਤਾਂ 'ਤੇ ਦਬਾਅ ਵਧਿਆ ਹੈ। ਇਕ ਹੋਰ ਕਾਰਨ ਇਹ ਵੀ ਹੈ ਕਿ ਹਰ ਬੀਤਦੇ ਸਾਲ ਦੇ ਨਾਲ ਸੋਨੇ ਦਾ ਉਤਪਾਦਨ ਸੀਮਤ ਹੁੰਦਾ ਜਾ ਰਿਹਾ ਹੈ। ਸੋਨੇ ਦਾ 'ਸਟਾਕ-ਟੂ-ਫਲੋ' ਵਿਚ ਬਹੁਤ ਉੱਚਾ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਸੋਨਾ ਲਗਾਤਾਰ ਜਮ੍ਹਾਂ ਹੋ ਰਿਹਾ ਹੈ ਅਤੇ ਮੌਜੂਦਾ ਉਤਪਾਦਨ ਨਵੀਂ ਮੰਗ ਨੂੰ ਪੂਰਾ ਨਹੀਂ ਕਰ ਪਾਉਂਦਾ। ਇਸ ਲਈ ਇਸ ਸਟਾਕ ਵਿਚ ਉਤਰਾਅ-ਚੜ੍ਹਾਅ ਹੁੰਦਾ ਰਹਿਣ ਕਰਕੇ ਸੋਨੇ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ। ਕੁਝ ਦੇਸ਼ਾਂ ਵਿਚ ਸੋਨੇ ਦੀਆਂ ਕੀਮਤਾਂ ਵਧਣ ਦਾ ਸਭ ਤੋਂ ਵੱਡਾ ਕਾਰਨ ਸੱਭਿਆਚਾਰਕ ਹੈ, ਜਿਵੇਂ ਭਾਰਤ ਵਿਚ ਤਿਉਹਾਰਾਂ ਤੇ ਵਿਆਹਾਂ ਦੌਰਾਨ ਸੋਨਾ ਖਰੀਦਣ ਲਈ ਮਹਿੰਗਾਈ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਮਤਲਬ ਸੋਨਾ ਕਿੰਨਾ ਵੀ ਮਹਿੰਗਾ ਕਿਉਂ ਨਾ ਹੋਵੇ, ਜੋ ਲੋਕ ਖਰੀਦ ਸਕਦੇ ਹਨ ਉਹ ਸੋਨਾ ਜ਼ਰੂਰ ਖਰੀਦਣਗੇ। ਇਸ ਕਾਰਨ ਵੀ ਸੋਨੇ ਦੀ ਮੰਗ ਕਦੇ ਨਹੀਂ ਘਟਦੀ।

ਭਾਰਤ ਵਿਚ ਹਰ ਸਾਲ ਸੋਨੇ ਦੇ ਬਾਜ਼ਾਰ ਵਿਚ ਦੋ ਵਾਰ ਤੇਜ਼ੀ ਆਉਂਦੀ ਹੈ, ਪਹਿਲਾ ਜਦੋਂ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਵਿਆਹ ਹੁੰਦੇ ਹਨ, ਦੂਜਾ ਦੀਵਾਲੀ ਤੇ 'ਅਕਸ਼ੈ ਤ੍ਰਿਤੀਆ' ਮੌਕੇ ਜਦੋਂ ਲੋਕ ਧਾਰਮਿਕ ਤੇ ਸੱਭਿਆਚਾਰਕ ਕਾਰਨਾਂ ਕਰਕੇ ਸੋਨਾ ਖਰੀਦਦੇ ਹਨ। ਇਸ ਕਾਰਨ ਵੀ ਹਰ ਸਾਲ ਸੋਨੇ ਦੀਆਂ ਕੀਮਤਾਂ ਵਿਚ ਜ਼ਰੂਰ ਵਾਧਾ ਹੁੰਦਾ ਹੈ। ਭਾਰਤ ਦਾ ਗਹਿਣਾ ਉਦਯੋਗ ਸੋਨੇ ਦਾ ਨਿਯਮਤ ਖਪਤਕਾਰ ਹੈ, ਇਹ ਵੀ ਸੋਨੇ ਦੀਆਂ ਕੀਮਤਾਂ ਵਿਚ ਵਾਧੇ ਦਾ ਇਕ ਵੱਡਾ ਕਾਰਨ ਹੈ। ਪਰ ਹਾਲ ਹੀ ਦੇ ਮਹੀਨਿਆਂ ਵਿਚ ਸੋਨੇ ਦੀਆਂ ਕੀਮਤਾਂ ਵਿਚ ਹੋਏ ਬੇਮਿਸਾਲ ਵਾਧੇ ਪਿੱਛੇ ਕਿਸੇ ਕਿਸਮ ਦੀ ਰਣਨੀਤੀ ਜਾਂ ਸਾਜਿਸ਼ ਦਾ ਸ਼ੱਕ ਕਰਨਾ ਵੀ ਗਲਤ ਨਹੀਂ ਹੋਵੇਗਾ। ਕੁਝ ਲੋਕਾਂ ਦਾ ਦਾਅਵਾ ਹੈ ਕਿ ਦੇਸ਼ ਦੀਆਂ ਕਈ ਸ਼ਕਤੀਸ਼ਾਲੀ ਨਿਵੇਸ਼ਕ ਸੰਸਥਾਵਾਂ ਜਿਵੇਂ ਕਿ ਬੈਂਕਾਂ ਜਾਂ ਕੁਝ ਹੋਰ ਦੇਸ਼ਾਂ ਨੇ ਸੋਨੇ ਦੀ ਸਪਲਾਈ ਨੂੰ ਸਾਜਿਸ਼ ਨਾਲ ਸੀਮਤ ਕੀਤਾ ਹੋਇਆ ਹੈ, ਜਿਸ ਕਾਰਨ ਸੋਨੇ ਦੀਆਂ ਕੀਮਤਾਂ ਵਧ ਰਹੀਆਂ ਹਨ। ਹਾਲਾਂਕਿ ਸੋਨਾ ਦੁਨੀਆ ਭਰ ਵਿਚ ਇਕ ਜੀਵੰਤ ਬਾਜ਼ਾਰ ਹੈ, ਲੱਖਾਂ ਮਾਈਨਿੰਗ ਕੰਪਨੀਆਂ, ਨਿਵੇਸ਼ਕ, ਫੰਡ ਮੈਨੇਜਰ ਤੇ ਕੇਂਦਰੀ ਬੈਂਕ ਇਸ ਦੇ ਪੂਰੇ ਵਪਾਰ ਨੂੰ ਕੰਟਰੋਲ ਕਰਦੇ ਹਨ। ਇਸ ਲਈ ਇਹ ਮੰਨਣਾ ਆਸਾਨ ਨਹੀਂ ਹੈ ਕਿ ਕੋਈ ਵੀ ਇਕ ਤਾਕਤ ਸੋਨੇ ਦੇ ਬਾਜ਼ਾਰ ਵਿਚ ਹੇਰਾਫੇਰੀ ਕਰ ਸਕਦੀ ਹੈ। ਕੋਈ ਵੀ 'ਹੇਰਾਫੇਰੀ' ਤਾਂ ਹੀ ਸੰਭਵ ਹੈ ਜੇਕਰ ਉਸ ਵਿਚ ਵੱਡੇ ਪੱਧਰ 'ਤੇ ਲੁਕਵਾਂ ਵਪਾਰ ਹੋਇਆ ਹੋਵੇ। ਪਰ ਕੀ ਕਿਸੇ ਦੇਸ਼ ਜਾਂ ਸੰਸਥਾ ਕੋਲ ਇੰਨਾ ਵੱਡਾ ਪੂੰਜੀ ਫੰਡ ਹੋ ਸਕਦਾ ਹੈ ਕਿ ਉਹ ਵਿਸ਼ਵਵਿਆਪੀ ਸੋਨੇ ਦੇ ਵਪਾਰ ਨੂੰ ਪ੍ਰਭਾਵਿਤ ਕਰ ਸਕੇ?

ਕੁੱਲ ਮਿਲਾ ਕੇ ਅਜਿਹਾ ਨਹੀਂ ਜਾਪਦਾ ਕਿ ਸੋਨੇ ਦੀਆਂ ਵਧ ਰਹੀਆਂ ਕੀਮਤਾਂ ਪਿੱਛੇ ਕੋਈ ਬਹੁਤ ਵੱਡੀ ਸਾਜ਼ਿਸ਼ ਕੰਮ ਕਰ ਰਹੀ ਹੈ। ਪਰ ਇਹ ਮੰਨਿਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਹਾਲ ਹੀ ਦੇ ਸਾਲਾਂ ਵਿਚ 'ਸਟਾਕ ਮਾਰਕੀਟ' ਤੋਂ ਲੈ ਕੇ 'ਪ੍ਰਾਪਰਟੀ ਮਾਰਕੀਟ' ਵਿਚ ਲੋਕਾਂ ਦਾ ਵਿਸ਼ਵਾਸ ਡਾਵਾਂਡੋਲ ਹੋਇਆ ਹੈ, ਸ਼ਾਇਦ ਇਸੇ ਕਾਰਨ ਲੋਕ ਵਾਪਸ ਸੋਨੇ ਵੱਲ ਮੁੜੇ ਹੋਣ, ਕਿਉਂਕਿ ਸੋਨੇ ਦਾ ਇਕ ਆਪਣਾ ਇਤਿਹਾਸ ਰਿਹਾ ਹੈ ਕਿ ਪਿਛਲੀਆਂ ਦੋ ਸਦੀਆਂ ਦੌਰਾਨ ਸੋਨੇ ਦੀਆਂ ਕੀਮਤਾਂ ਵਿਚ ਕਦੇ-ਕਦਾਈ ਹੀ ਗਿਰਾਵਟ ਆਈ ਹੈ। ਜੇਕਰ ਅਸੀਂ ਸੁਤੰਤਰ ਭਾਰਤ ਦੇ ਪੂਰੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਿਰਫ਼ 4 ਵਾਰ ਸੋਨੇ ਦੀਆਂ ਕੀਮਤਾਂ ਵਿਚ ਗਿਰਾਵਟ ਆਈ ਹੈ, ਨਹੀਂ ਤਾਂ ਸੋਨੇ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਹੈ। ਜੇਕਰ ਡੂੰਘਾਈ ਨਾਲ ਵੇਖੀਏ ਤਾਂ ਇੰਝ ਜਾਪਦਾ ਹੈ ਕਿ ਸੋਨੇ ਦੀਆਂ ਕੀਮਤਾਂ ਵਿਚ ਮੌਜੂਦਾ ਵਾਧਾ ਦੁਨੀਆ ਭਰ ਦੇ ਨਿਵੇਸ਼ਕਾਂ ਦੇ ਵੱਖ-ਵੱਖ ਕਿਸਮਾਂ ਦੇ ਨਿਵੇਸ਼ਾਂ ਵਿਚ ਘਟ ਰਹੇ ਵਿਸ਼ਵਾਸ ਕਾਰਨ ਹੈ। ਕਹਿਣ ਤੋਂ ਭਾਵ ਇਹ ਹੈ ਕਿ ਸੋਨੇ ਦੀਆਂ ਕੀਮਤਾਂ ਵਿਚ ਹੋ ਰਿਹਾ ਹੈਰਾਨੀਜਨਕ ਵਾਧਾ ਕਿਸੇ ਵੱਡੀ ਸਾਜ਼ਿਸ਼ ਵੱਲ ਕੋਈ ਇਸ਼ਾਰਾ ਨਹੀਂ ਕਰ ਰਿਹਾ ਹੈ।

*-ਲੇਖਕ ਵਿਸ਼ੇਸ਼ ਮੀਡੀਆ ਤੇ ਖੋਜ ਸੰਸਥਾਨ ਇਮੇਜ ਰਿਫਲੈਕਸ਼ਨ ਸੈਂਟਰ ਵਿਚ ਸੀਨੀਅਰ ਸੰਪਾਦਕ ਹੈ।)*

# ਸੰਪਾਦਕ ਦੇ ਨਾਂਅ

## ਬੰਦਗੀ ਬਨਾਮ ਗੰਦਗੀ

ਪੰਜਾਬ ਦੀ ਧਰਤੀ ਪਵਿੱਤਰਤਾ ਤੇ ਬੰਦਗੀ ਵਾਲੀ ਧਰਤੀ ਹੈ। ਇਸ ਧਰਤੀ 'ਤੇ ਗੁਰੂ ਸਾਹਿਬਾਨ, ਭਗਤ ਸਾਹਿਬਾਨ ਤੇ ਪੀਰਾਂ-ਫਕੀਰਾਂ ਦਾ ਜਨਮ ਹੋਇਆ ਹੈ। ਇਸ ਦੀ ਮਿੱਟੀ ਵਿਚ ਸੱਚੀ-ਸੁੱਚੀ ਕਿਰਤ ਦਾ ਬੀਜ ਬੀਜਿਆ ਗਿਆ ਹੈ। ਇਸ ਧਰਤੀ ਦਾ ਅੰਨ ਖਾਣ ਨਾਲ, ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦੀ ਪ੍ਰੇਰਨਾ ਮਿਲਦੀ ਰਹੀ। ਪਰ ਪਿਛਲੇ ਸਮੇਂ ਤੋਂ ਇਸ ਦੀ ਪਵਿੱਤਰਤਾ ਨੂੰ ਗੰਧਲਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪਿੰਡਾਂ 'ਚ ਟੂਣੇ ਤੇ ਪੈਰਾਂ ਦੀ ਮਿੱਟੀ ਚੁੱਕਣ ਵਰਗੀਆਂ ਘਟਨਾਵਾਂ ਦਾ ਵਾਪਰਨਾ ਹੈਰਾਨਗੀ ਪੈਦਾ ਕਰ ਰਿਹਾ ਹੈ। ਇਸ ਤੋਂ ਅੱਗੇ ਬਹੁਤੇ ਪਿੰਡਾਂ 'ਚ ਕੁੜੀਆਂ ਵਲੋਂ ਪਿੰਡ ਦੇ ਮੁੰਡਿਆਂ ਨਾਲ ਹੀ ਵਿਆਹ ਕਰਵਾਉਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। 2-3 ਬੱਚਿਆਂ ਦੀਆਂ ਮਾਵਾਂ ਗੈਰ ਬੰਦਿਆਂ ਨਾਲ ਭੱਜ ਰਹੀਆਂ ਹਨ। ਇਸ ਤਰ੍ਹਾਂ ਦੇ ਵਰਤਾਰੇ ਨੂੰ ਪੇਸ਼ ਕਰਦੀ ਇਕ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ। ਇਸ ਪਿੰਡ ਦੀ ਪੰਚਾਇਤ ਨੂੰ ਅਖੀਰ ਮਤਾ ਪਾਉਣਾ ਪਿਆ ਕਿ ਇਸ ਤਰ੍ਹਾਂ ਦੀਆਂ ਕੁੜੀਆਂ ਤੇ ਔਰਤਾਂ ਨੂੰ ਸਾਰੀ ਉਮਰ ਪਿੰਡ ਵਿਚ ਨਹੀਂ ਵੜਨ ਦਿੱਤਾ ਜਾਵੇਗਾ। ਜੇ ਇਹ ਰੁਝਾਨ ਨਾ ਰੁਕਿਆ ਤਾਂ ਹੋ ਸਕਦਾ ਹੈ ਕਿ ਸਮੂਹ ਪਿੰਡਾਂ ਨੂੰ ਉਪਰੋਕਤ ਮਤੇ ਪਾਉਣੇ ਪੈ ਜਾਣ। ਇਹ ਗੰਧਲਾ ਵਰਤਾਰਾ ਸਮੂਹ ਪੰਜਾਬੀਆਂ ਨੂੰ ਦੁਨੀਆ ਭਰ 'ਚ ਜਲੀਲ ਕਰ ਰਿਹਾ ਹੈ। ਇਸ ਪਨਪੇ ਮਾੜੇ ਰੁਝਾਨ 'ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ।

**-ਬੰਤ ਸਿੰਘ ਘੁਡਾਣੀ**
*ਲੁਧਿਆਣਾ।*

## ਪ੍ਰਤਾਪ ਸਿੰਘ ਕੈਰੋਂ ਨੂੰ ਯਾਦ ਕਰਦਿਆਂ

ਪੰਜਾਬ ਦੇ ਮਰਹੂਮ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਉਨ੍ਹਾਂ ਆਪਣੀ ਉੱਚ ਸਿੱਖਿਆ, ਵਿਦੇਸ਼ ਵਿਚੋਂ ਹਾਸਿਲ ਕਰਨ ਤੋਂ ਬਾਅਦ ਆਪਣੀ ਪੂਰੀ ਜ਼ਿੰਦਗੀ ਪੰਜਾਬ ਅਤੇ ਦੇਸ਼ ਦੀ ਸੇਵਾ ਲਈ ਸਮਰਪਿਤ ਕਰ ਦਿੱਤੀ। ਉਨ੍ਹਾਂ ਦੀ ਰਾਜਨੀਤਕ ਸੋਚ ਪੰਜਾਬ ਦੇ ਲੋਕਾਂ 'ਤੇ ਕੇਂਦਰਿਤ ਸੀ। ਉਨ੍ਹਾਂ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਲਈ ਕਈ ਸ਼ਲਾਘਾਯੋਗ ਨੀਤੀਆਂ ਬਣਾਈਆਂ। ਉਨ੍ਹਾਂ ਦੀ ਦੂਰਦਰਸ਼ੀ ਸੋਚ ਨਾਲ ਪੰਜਾਬ ਨੂੰ ਆਧੁਨਿਕ ਖੇਤੀਬਾੜੀ ਅਤੇ ਵਿਕਾਸ ਦੀਆਂ ਪਟੜੀਆਂ ਤੇ ਤੋਰਿਆ। ਸੜਕਾਂ ਅਤੇ ਸਿੱਖਿਆ ਸੰਸਥਾਵਾਂ ਦਾ ਜਾਲ ਵਿਛਾਇਆ। ਪੰਜਾਬ ਨੂੰ ਹਰੀ ਕ੍ਰਾਂਤੀ ਵਲ ਮੋੜਿਆ। ਪੰਜਾਬ ਦੀ ਖੇਤੀਬਾੜੀ ਰਾਹੀਂ ਦੇਸ਼ ਨੂੰ ਆਤਮ ਨਿਰਭਰ ਬਣਾਇਆ। ਪੰਜਾਬ ਨੂੰ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਕਰਨ ਲਈ ਯੋਗਦਾਨ ਪਾਇਆ।

**-ਹਰਜਿੰਦਰ ਪਾਲ ਸਿੰਘ**
*881ਏ, ਜਵੱਦੀ ਕਲਾਂ, ਲੁਧਿਆਣਾ।*

## ਤੰਗ ਰਸਤੇ ਬਣੇ ਰੁਕਾਵਟ

ਪੰਜਾਬ ਵਿਚ ਝੋਨੇ ਦੀ ਕਟਾਈ ਦਾ ਕੰਮ ਚੱਲ ਰਿਹਾ ਹੈ। ਕਿਸਾਨ ਵਰਗ ਵੀ ਜਾਗਰੂਕ ਹੋ ਕੇ ਵਾਤਾਵਰਨ ਨੂੰ ਗੰਦਲਾ ਹੋਣ ਤੋਂ ਬਚਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਪਰਹੇਜ਼ ਕਰ ਰਿਹਾ ਹੈ। ਪਰ ਕਈ ਥਾਵਾਂ 'ਤੇ ਵੇਖਣ ਵਿਚ ਆ ਰਿਹਾ ਹੈ ਕਿ ਖੇਤਾਂ ਨੂੰ ਜਾਂਦੇ ਰਸਤੇ ਬਹੁਤ ਹੀ ਤੰਗ ਹੋ ਚੁੱਕੇ ਹਨ। ਅਸਲ ਵਿਚ ਇਨ੍ਹਾਂ ਕੱਚੇ ਰਸਤਿਆਂ ਨੂੰ ਲਾਲਚੀ ਕਿਸਾਨਾਂ ਨੇ ਹੀ ਹੌਲੀ-ਹੌਲੀ ਵੱਢ ਕੇ ਆਪਣੇ ਖੇਤਾਂ ਵਿਚ ਰਲਾ ਲਿਆ ਹੈ। ਰਸਤੇ ਤੰਗ ਹੋਣ ਕਰਕੇ ਇਨ੍ਹਾਂ ਉਪਰੋਂ ਪਰਾਲੀ ਦੀਆਂ ਗੱਠਾਂ ਬਣਾਉਣ ਵਾਲੇ ਵੇਲਰ ਅਤੇ ਦੂਜੀ ਹੋਰ ਭਾਰੀ ਮਸ਼ੀਨਰੀ ਲੰਘਾਉਣ ਵਿਚ ਬਹੁਤ ਜ਼ਿਆਦਾ ਸਮੱਸਿਆ ਆਉਂਦੀ ਹੈ। ਪੰਚਾਇਤਾਂ ਵੀ ਨਿਸ਼ਾਨਦੇਹੀ ਕਰਵਾਉਣ ਦੀ ਭਾਰੀ ਫ਼ੀਸ ਭਰਨ ਅਤੇ ਕਲੇਸ਼ ਦੇ ਡਰੋਂ ਤੰਗ ਰਸਤਿਆਂ ਨੂੰ ਛੁਡਵਾਉਣ ਤੋਂ ਬਹੁਤੇ ਥਾਈਂ ਟਾਲਾ ਹੀ ਵੱਟ ਰਹੀਆਂ ਹਨ। ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਤੰਗ ਰਸਤਿਆਂ ਨੂੰ ਛੁਡਵਾਉਣ ਲਈ ਸੂਬਾ ਪੱਧਰੀ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਨੂੰ ਗੱਠਾਂ ਬਣਾਉਣ ਵਿਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਵਾਤਾਵਰਨ ਨੂੰ ਵੀ ਪਲੀਤ ਹੋਣ ਤੋਂ ਬਚਾਇਆ ਜਾ ਸਕੇ।

**-ਅੰਗਰੇਜ਼ ਸਿੰਘ ਵਿੱਕੀ,**
*ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ)*

## ਮੁਹੱਬਤ ਦੇ ਬੀਜ ਬੀਜੋ

ਸੰਸਾਰ ਭਰ ਵੱਲ ਵੇਖੀਏ ਤਾਂ ਬਹੁਤ ਸਾਰੇ ਦੇਸ਼ਾਂ ਦੀ ਇਕ ਦੂਜੇ ਦੇਸ਼ ਨਾਲ ਜੰਗ ਛਿੜੀ ਦਿਸਦੀ ਹੈ। ਮਨੁੱਖਾਂ ਦੁਆਰਾ ਮਨੁੱਖਾਂ ਨੂੰ ਹਥਿਆਰਾਂ ਨਾਲ ਮਾਰਿਆ ਜਾ ਰਿਹਾ ਹੈ। ਨਫ਼ਰਤ ਦੀ ਇਹ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਹੱਦਾਂ ਬੰਨੇ ਟਪਾ ਰਹੀ ਹੈ। ਹਰ ਦੇਸ਼ ਦੀ ਅਗਵਾਈ ਕਰਨ ਵਾਲੇ ਸਾਡੇ ਆਗੂਆਂ ਨੂੰ ਸੋਚਣ ਦੀ ਲੋੜ ਹੈ। ਨਫ਼ਰਤ ਨੂੰ ਲੈ ਕੇ ਇਹੋ ਹਾਲ ਅੱਗੇ ਦੁਨੀਆ 'ਚ ਵਸਦੇ 8 ਅਰਬ ਮਨੁੱਖਾਂ ਦਾ ਹੈ। ਪਰਮਾਤਮਾ ਨੇ ਇਨਸਾਨ ਨੂੰ ਧਰਤੀ 'ਤੇ ਮੋਹ ਮੁਹੱਬਤ ਤੇ ਪਿਆਰ ਵੰਡਣ ਲਈ ਭੇਜਿਆ ਹੈ। ਪਰ ਪੈਸੇ ਤੇ ਫੋਕੀ ਸ਼ੋਹਰਤ ਲਈ ਇਨਸਾਨ ਆਪਸ 'ਚ ਈਰਖਾ ਕਰਕੇ ਇਨਸਾਨੀਅਤ ਨੂੰ ਭੁੱਲ ਚੁੱਕਾ ਹੈ। ਜਿਸਦੇ ਸਿੱਟੇ ਵਜੋਂ ਸੰਸਾਰ 'ਚ ਲੁੱਟ ਖੋਹ ਤੇ ਮਾਰ ਧਾੜ ਸਿਖਰਾਂ 'ਤੇ ਹੈ। ਲਾਲਚ ਵੱਸ ਇਨਸਾਨ ਆਪਸੀ ਸਕੇ ਰਿਸ਼ਤੇ ਨਾਤੇ ਵੀ ਗੁਆਉਂਦਾ ਜਾ ਰਿਹਾ ਹੈ। ਇਨਸਾਨ ਪੈਸੇ ਦੀ ਦੌੜ 'ਚ ਪਾਗਲ ਹੋਇਆ ਤੇ ਖ਼ੁਦ ਨੂੰ ਟੈਨਸ਼ਨਾਂ 'ਚ ਪਾ ਕੇ ਹਰ ਪਲ ਉਲਝਿਆ ਰਹਿੰਦਾ ਹੈ।

**-ਲੈਕਚਰਾਰ ਅਜੀਤ ਖੰਨਾ**

## ਪਟਾਕੇ ਕਿਉਂ ਚਲਾਉਂਦੇ ਹਾਂ?

ਜਦੋਂ ਸਾਨੂੰ ਪਤਾ ਹੋਵੇ ਕਿ ਇਹ ਚੀਜ਼ ਜ਼ਹਿਰ ਹੈ ਤਾਂ ਅਸੀਂ ਕਦੀ ਨਹੀਂ ਖਾਂਦੇ, ਪਰ ਸਮਝ ਨਹੀਂ ਆਉਂਦੀ ਜਦੋਂ ਪਟਾਕੇ ਚਲਾਉਣਾ ਜ਼ਹਿਰ ਵਾਂਗ ਹੀ ਮਨੁੱਖਾਂ, ਪੰਛੀਆਂ ਅਤੇ ਜਾਨਵਰਾਂ ਦੀਆਂ ਜ਼ਿੰਦਗੀਆਂ ਲਈ ਘਾਤਕ ਹੈ, ਫਿਰ ਵੀ ਅਸੀਂ ਪਟਾਕੇ ਚਲਾਉਣ ਤੋਂ ਨਹੀਂ ਹੱਟਦੇ। ਅਦਾਲਤਾਂ ਦੇ ਹੁਕਮ ਹੋ ਜਾਂਦੇ ਹਨ, ਸਰਕਾਰਾਂ ਪਾਬੰਦੀਆਂ ਲਾ ਦਿੰਦੀਆਂ ਹਨ, ਪਰ ਨਾ ਕੋਈ ਹੁਕਮ ਮੰਨਦਾ ਹੈ ਨਾ ਕੋਈ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਦੀਵਾਲੀ 'ਤੇ ਤਾਂ ਲੋਕ ਅੱਤ ਹੀ ਚੁੱਕ ਲੈਂਦੇ ਹਨ, ਚਾਰ ਪੰਜ ਦਿਨ ਪਹਿਲਾਂ ਤੇ ਪਿੱਛੋਂ ਸਾਰੀ ਸਾਰੀ ਰਾਤ ਉੱਚੀ ਉੱਚੀ ਆਵਾਜ਼ ਵਾਲੇ ਪਟਾਕੇ ਹਵਾਈਆਂ ਚਲਦੀਆਂ ਰਹਿੰਦੀਆਂ ਹਨ, ਅੱਧੀ ਰਾਤ ਸੁੱਤੇ ਪਿਆਂ ਇਹ ਬੰਬ ਬਜ਼ੁਰਗਾਂ, ਮਰੀਜ਼ਾਂ, ਬੱਚਿਆਂ ਨੂੰ ਅਵਾਜ਼ਾਰ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ।

ਭਾਵੇਂ ਧਾਰਮਿਕ ਆਗੂ ਲੋਕਾਂ ਨੂੰ ਆਤਿਸ਼ਬਾਜ਼ੀ ਨਾ ਚਲਾਉਣ ਦੇ ਸੁਨੇਹੇ ਵੀ ਦਿੰਦੇ ਹਨ ਪਰ ਆਪ ਆਪਣੇ ਧਾਰਮਿਕ ਅਸਥਾਨਾਂ ਤੋਂ ਅੰਤਾਂ ਦੀ ਆਤਿਸ਼ਬਾਜ਼ੀ ਚਲਾ ਕੇ ਖ਼ੁਸ਼ੀ ਮਨਾਉਂਦੇ ਹਨ। ਹਵਾ ਦੀ ਗੁਣਵੱਤਾ ਵਿਗੜ ਜਾਂਦੀ ਹੈ। ਆਓ, ਸਰਕਾਰਾਂ, ਅਦਾਲਤਾਂ ਦੇ ਹੁਕਮ ਮੰਨੀਏ ਅਤੇ ਤਿਉਹਾਰਾਂ, ਵਿਆਹਾਂ, ਸਮਾਗਮਾਂ 'ਤੇ ਆਤਿਸ਼ਬਾਜ਼ੀ ਨਾ ਚਲਾਉਣ ਦਾ ਪ੍ਰਣ ਕਰੀਏ। ਇਸੇ ਵਿਚ ਸਾਡੀ ਸਭ ਦੀ ਭਲਾਈ ਹੈ।

**-ਪ੍ਰਿੰ. ਹਰਬੰਸ ਸਿੰਘ ਘੇਈ**
*ਸਠਿਆਲਾ।*

CMYK